
ਸ਼ਹਿਰੀ ਘਾਹੀ ਅੱਗਾਂ। ਸੁਰੱਖਿਅਤ ਰਹੋ।



ਘਾਹੀ ਅੱਗਾਂ ਬਹੁਤ ਤੇਜ਼ੀ ਨਾਲ ਲੱਗ ਅਤੇ ਫ਼ੈਲ ਸਕਦੀਆਂ ਹਨ।

ਜੇਕਰ ਤੁਸੀਂ ਕਿਸੇ ਸ਼ਹਿਰ ਜਾਂ ਕਸਬੇ ਦੇ ਬਾਹਰੀ ਇਲਾਕੇ ਵਿੱਚ ਰਹਿੰਦੇ ਜਾਂ ਕੰਮ ਕਰਦੇ ਹੋ, ਤਾਂ ਹੋ ਸਕਦਾ ਹੈ ਕਿ ਤੁਸੀਂ ਘਾਹ ਵਾਲੇ ਖੇਤਰਾਂ, ਪਾਰਕਾਂ, ਚਰਾਗਾਹਾਂ ਜਾਂ ਜੰਗਲ ਵਾਲੇ ਇਲਾਕਿਆਂ ਦੇ ਨੇੜੇ ਹੋਵੋ, ਜਿੱਥੇ ਅੱਗ ਬਹੁਤ ਤੇਜ਼ੀ ਨਾਲ ਫ਼ੈਲ ਸਕਦੀ ਹੈ।

ਜੇਕਰ ਘਾਹੀ ਅੱਗ ਲੱਗ ਜਾਵੇ, ਤਾਂ ਅੱਗ ਤੋਂ ਘੱਟੋ-ਘੱਟ ਦੋ ਗਲੀਆਂ ਪਿੱਛੇ ਚਲੇ ਜਾਓ।

ਜੇਕਰ ਤੁਸੀਂ ਘਾਹ ਵਾਲੇ ਖੇਤਰ ਤੋਂ ਦੋ ਜਾਂ ਤਿੰਨ ਗਲੀਆਂ ਦੂਰ ਰਹਿੰਦੇ ਹੋ ਅਤੇ ਘਾਹੀ ਅੱਗ ਲੱਗ ਜਾਂਦੀ ਹੈ, ਤਾਂ ਜਿੱਥੇ ਹੋ ਉੱਥੇ ਹੀ ਰਹੋ।

ਘਾਹੀ ਅੱਗਾਂ ਦੀ ਆਬਾਦੀ ਵਾਲੇ ਇਲਾਕਿਆਂ ਤੱਕ ਫ਼ੈਲਣ ਦੀ ਸੰਭਾਵਨਾ ਘੱਟ ਹੁੰਦੀ ਹੈ।

ਜੇਕਰ ਤੁਹਾਨੂੰ ਧੂੰਆਂ ਜਾਂ ਅੱਗ ਦਿਖਾਈ ਦੇਵੇ, ਤਾਂ ਗੱਡੀ ਨਾ ਚਲਾਓ।

ਧੂੰਏ ਨਾਲ ਘੱਟ ਦਿਖਾਈ ਦਿੰਦਾ ਹੈ ਅਤੇ ਸੜਕਾਂ ਬੰਦ ਹੋ ਸਕਦੀਆਂ ਹਨ।

ਐਮਰਜੈਂਸੀ ਸੇਵਾਵਾਂ ਲਈ ਸੜਕਾਂ ਖ਼ਾਲੀ ਰੱਖੋ।

ਤਾਜ਼ਾ ਜਾਣਕਾਰੀ ਲਈ

App Store ਜਾਂ Google Play ਤੋਂ **VicEmergency ਐਪ** ਡਾਊਨਲੋਡ ਕਰੋ।

VicEmergency ਹੈੱਟਲਾਈਨ
1800 226 226

emergency.vic.gov.au 'ਤੇ ਜਾਓ।

ਪੰਜਾਬੀ ਵਿੱਚ ਹੋਰ ਜਾਣਕਾਰੀ ਲਈ **cfa.vic.gov.au/Punjabi** ਅਤੇ **frv.vic.gov.au/resources-in-languages-other-than-english** 'ਤੇ ਜਾਓ।

CFA

FIRE RESCUE VICTORIA